*This question paper contains 2 printed pages.* *Your Roll No. ..........................*

*Sl. No. of Ques. Paper* : 5133 **G**

*Unique Paper Code* : **212154**

*Name of Paper* : **Punjabi A (Advance)**

*Name of Course* : **B.A. (Prog.)**

*Semester* : **I**

*Duration :* : **3 hours**

*Maximum Marks* : **75**

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਵਿਚ ਕਿਸ ਪੌਰਾਣਿਕ-ਕਥਾ ਦਾ ਰੂਪਾਂਤਰਣ ਹੋਇਆ ਹੈ ਅਤੇ ਕਿਵੇਂ? ਚਰਚਾ ਕਰੋ। **15**

ਜਾਂ

ਕਾਦਰਯਾਰ ਰਚਿਤ 'ਕਿੱਸਾ ਪੂਰਨ ਭਗਤ' ਦੇ ਆਧਾਰ 'ਤੇ ਪੂਰਨ ਭਗਤ ਦੀ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

2. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **10**

(ੳ) ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ,
ਫੜ ਨਾ ਜਾਣੇ ਤਕੜੀ, ਹਾੜ ਨਾ ਜਾਣੇ ਵੱਟ।
ਤੇਲ ਤੁਲਾਵੇ ਭੁੱਲਾ ਬਾਣੀਆ, ਦਿੱਤਾ ਸ਼ਹਿਤ ਉਲੱਟ,
ਵਣਜ ਗਵਾ ਲੈ ਬਾਣੀਆ, ਬਲਦ ਗੰਵਾਇ ਜੱਟ।

ਜਾਂ

(ਅ) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ,
ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ,
ਹਾਥੀ ਡਿਗਦੇ ਸਣੇ ਅੰਬਰੀਆਂ ਨੀ।
ਸ਼ਾਹ ਮੁਹੰਮਦਾ, ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

3. ਦਲੀਪ ਕੌਰ ਟਿਵਾਣਾ ਦੀ ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਦਾ ਨਾਰੀਵਦੀ ਦ੍ਰਿਸ਼ਟੀ ਤੋਂ ਅਧਿਐਨ ਪ੍ਰਸਤੁਤ ਕਰੋ। **15**

4. 'ਨੰਗੇ ਪੈਰਾਂ ਦਾ ਸਫ਼ਰ' ਸਵੈ-ਜੀਵਨੀ ਵਿਚੋਂ ਕਿਹੜਾ ਕਾਂਡ ਤੁਹਾਨੂੰ ਸਭ ਤੋਂਵੱਧ ਰੋਚਕ ਲਗਿਆ ਤੇ ਕਿਉਂ ? ਚਰਚਾ ਕਰੋ। **10**

5. (ੳ) 'ਮੂਲ ਸ਼ਬਦ' ਅਤੇ 'ਰਚਿਤ ਸ਼ਬਦ' ਵਿਚ ਕੀ ਅੰਤਰ ਹੈ? ਉਦਾਹਰਣ ਸਹਿਤ ਸਪਸ਼ਟ ਕਰੋ। **05**
(ਅ) 'ਸਾਧਾਰਣ ਵਾਕ' ਅਤੇ 'ਸੰਯੁਕਤ ਵਾਕ' ਵਿਚ ਅੰਤਰ ਦੱਸੋ। **05**

P.T.O.

6. ਹੇਠ ਦਿੱਤੇ ਪੈਰ੍ਹੇ ਨੂੰ ਸੰਖੇਪ ਕਰ ਕੇ ਲਿਖੋ ਅਤੇ ਇਸ ਦਾ ਢੁੱਕਵਾਂ ਸਿਰਲੇਖ ਵੀ ਦਿਉ : **10**

ਭਾਰਤ ਇਕ ਵਿਸ਼ਾਲ ਦੇਸ਼ ਹੈ। ਸਭਿਆਚਾਰਕ ਤੌਰ 'ਤੇ ਭਾਵੇਂ ਸਾਡਾ ਦੇਸ਼ ਇਕ ਮੁੱਠ ਹੈ ਪਰ ਅਜੇ ਅਸੀਂ ਉਹ ਬੰਧਨ ਪੱਕੇ ਕਰਨੇ ਹਨ ਜੋ ਇਸ ਨੂੰ ਇਕ ਸ਼ਕਤੀਸ਼ਾਲੀ ਦੇਸ਼ ਅਤੇ ਉੱਨਤ ਰਾਸ਼ਟਰ ਬਣਾ ਸਕਣਗੇ। ਸਾਡੇ ਦੇਸ਼ ਵਿਚ ਅਨੇਕਾਂ ਭਾਸ਼ਾਵਾਂ ਹਨ। ਏਨੀਆਂ ਭਾਸ਼ਾਵਾਂ ਸ਼ਾਇਦ ਦੁਨੀਆਂ ਦੇ ਕਿਸੇ ਹੋਰ ਦੇਸ਼ ਵਿਚ ਨਹੀਂ ਹਨ। ਪਰ ਮੰਦੇ ਭਾਗਾਂ ਨੂੰ ਅਸੀਂ ਆਪਣੀ ਗੁਆਂਢੀ

ਭਾਸ਼ਾ ਜਾਂ ਭਾਸ਼ਾਵਾਂ ਵਿਚ ਘੱਟ ਦਿਲਚਸਪੀ ਲੈਂਦੇ ਹਾਂ। ਇਸ ਲਈ ਸਾਨੂੰ ਉਹਨਾਂ ਦੇ ਅਨਮੋਲ ਭੰਡਾਰ ਦਾ ਗਿਆਨ ਨਹੀਂ ਹੁੰਦਾ। ਇਸ ਦੇ ਮੁਕਾਬਲੇ ਅਸੀਂ ਅੰਗਰੇਜ਼ੀ, ਫਰਾਂਸੀਸੀ ਅਤੇ ਜਰਮਨ ਤੋਂ ਵਧੇਰੇ ਜਾਣੂੰ ਹਾਂ। ਦੇਸ਼ ਦੇ ਭਾਵਕ ਅਤੇ ਸਭਿਆਚਾਰਕ ਸੰਗਠਨ ਲਈ ਬੜਾ ਜ਼ਰੂਰੀ ਹੈ ਕਿ ਦੇਸ਼ ਦੇ ਨਾਗਰਿਕ ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਦੀਆਂ ਉੱਤਰ ਰਚਨਾਵਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੋਣ। ਇਸ ਤਰ੍ਹਾਂ ਉਹ ਇਹਨਾਂ ਭਾਸ਼ਾਵਾਂ ਨਾਲ ਸੰਬੰਧਿਤ ਦੇਸ਼-ਵਾਸੀਆਂ ਦੇ ਜੀਵਨ-ਢੰਗ ਅਤੇ ਉਹਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਗਿਆਨ ਹਾਸਲ ਕਰ ਸਕਣ।

ਜਾਂ

ਪ੍ਰਗਤੀ ਮੈਦਾਨ ਵਿਚ ਲੱਗੇ 'ਵਿਸ਼ਵ ਵਿਉਪਾਰ ਮੇਲੇ' ਦੀ ਰਿਪੋਰਟ ਤਿਆਰ ਕਰ ਕੇ 'ਅਜੀਤ' ਅਖ਼ਬਾਰ ਦੇ ਐਡੀਟਰ ਨੂੰ ਭੇਜੋ।

7. ਹੇਠ ਦਿੱਤੇ ਅਖਾਣਾਂ ਵਿਚੋਂ ਕੋਈ **ਪੰਜ** ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਤਾਂ ਜੋ ਉਨ੍ਹਾਂ ਦੇ ਅਰਥ ਸਪਸ਼ਟ ਹੋ ਜਾਣ : **05**

| | |
|---|---|
| ਸੌ ਸੁਨਿਆਰ ਦੀ ਇਕ ਲੁਹਾਰ ਦੀ, | ਇਕ ਚੁੱਪ ਸੌ ਸੁਖ, |
| ਚਿੰਤਾ ਚਿਖ਼ਾ ਬਰਾਬਰੀ, | ਚੰਨ 'ਤੇ ਥੁੱਕਿਆਂ ਮੂੰਹ ਤੇ ਪੈਂਦਾ ਹੈ, |
| ਜਿਸ ਤਨ ਲਾਗੇ ਸੋ ਤਨ ਜਾਣੇ, | ਦੀਵੇ ਥੱਲੇ ਹਨੇਰਾ |



100